੧. ਗੁਰਬਾਣੀ ਸੰਥਿਆ ਗਰੁੱਪ: – ਇਹ ਗਰੁੱਪ ਖਾਸ ਕਰਕੇ ਗੁਰਬਾਣੀ ਪੜਨ ਦੀ ਸਿੱਖਿਆ ਦੇਣ ਦੇ ਨਾਲ ਇਸ ਦੀ ਆਦਤ ਪਕਿਆਂ ਕਰਨ ਲਈ ਮੱਦਦ ਕਰੇਗਾ। ਇਸ ਗਰੁੱਪ ਰਾਹੀਂ ਅਸੀਂ ਮਨੁੱਖੀ ਮਨ ਵਿਚ ਪੈਦਾ ਹੋਣ ਵਾਲੇ ਖਲਾਅ ਨੂੰ ਠੱਲ ਪਾ ਸਕਾਂਗੇ, ਜਿਸ ਸਦਕਾ ਵਾਧੂ ਦੀਆਂ ਚਿੰਤਾਂਵਾਂ ਤੇ ਬੇਲੋੜਵੇ ਖਿਆਲਾਂ ਨੂੰ ਸੰਕੋਚਿਆ ਜਾ ਸਕਣ ਗੋਚਰੇ ਸਿਖਿੱਆ ਅਰਜਿਤ ਕੀਤੀ ਜਾ ਸਕੇਗੀ।

੨. ਪਰਿਵਾਰਿਕ ਮਦਦ ਹੇਤੂ ਗਰੁੱਪ: – ਜਿਨ੍ਹਾਂ ਪਰਿਵਾਰਾਂ ਵਿਚ ਨਸ਼ੇ ਨਾਲ ਸੰਬੰਧਤ ਮਾਹੌਲ ਹੈ ਜਾਂ ਘਰ ਦਾ ਕੋਈ ਮੈਂਬਰ ਇਸ ਆਦਤ ਨਾਲ ਸਿੱਜ ਰਿਹਾ ਹੈ। ਘਰ ਦੇ ਦੂਸਰੇ ਮੈਂਬਰ ਕਿਸ ਤਰ੍ਹਾਂ ਉਸ ਦੀ ਮਦਦ ਕਰਨ ਜਾਂ ਸਮੁੱਚੇ ਪਰਿਵਾਰਿਕ ਮਾਹੌਲ ਨੂੰ ਸੰਭਾਲਦਿਆਂ ਹੋਇਆ ਆਪਣੇ ਮਾਨਸਿਕ ਸੰਤੁਲਨ ਨੂੰ ਕਿਵੇਂ ਕਾਇਮ ਰਖਣ ਇਸ ਗੋਚਰੇ ਵੀ ਇਕ ਗਰੁੱਪ ਜਲਦ ਹੀ ਸ਼ੁਰੂ ਹੋਣ ਜਾ ਰਿਹਾ ਹੈ ਜਿਸ ਵਿਚ ਸ਼ਾਮੂਲਿਅਤ ਲਈ ਸੰਪਰਕ ਕੀਤਾ ਜਾ ਸਕਦਾ ਹੈ।

੩. ਨਿਜੀ ਮੁਲਾਕਾਤ: – ਨਿਜੀ ਰੂਪ ਵਿਚ ਮਿਲਕੇ ਗੱਲਬਾਤ ਕਿਸੇ ਸਮੇਂ ਵੀ ਅਪੋਇੰਟਮੈਂਟ ਬਣਾਕੇ ਕੀਤੀ ਜਾ ਸਕਦੀ ਹੈ। ਇਸ ਮੀਟਿੰਗ ਵਿਚ ਕੀਤੀ ਗਈ ਸਾਰੀ ਗਲਬਾਤ ਸਤਕਾਰਿਤ ਮਾਹੌਲ ਵਿਚ ਹੋਵੇਗੀ ਅਤੇ ਪੂਰੀ ਤਰਾਂ ਗੁਪਤ ਰਖੀ ਜਾਵੇਗੀ।

੪. ਬਚਿਆਂ ਲਈ ਜੀਵਨ ਜਾਚ ਕਲਾਸਾਂ: – ਇਨ੍ਹਾਂ ਕਲਾਸਾਂ ਵਿਚ ਭਾਂਵੇਂ ਕਿ ਹਰ ਉਮਰ ਦੇ ਬੱਚੇ ਸ਼ਾਮਿਲ ਹੋ ਸਕਦੇ ਹਨ। ਪਰ ਸ਼ਾਮੂਲਿਅਤ ਤੋਂ ਪਹਿਲਾਂ ਉਨ੍ਹਾਂ ਦਾ ਲੈਵਲ ਫਾਇਨਾਲਾਈਜ ਕਰਨ ਲਈ ਉਨ੍ਹਾਂ ਦੀ ਅਸੈਸਮੈਂਟ ਕੀਤੀ ਜਾਵੇਗੀ। ਇਸ ਸਮੇਂ ਸਾਡੇ ਕੋਲ ਦੋ ਕਲਾਸਾਂ ਹਨ, ਇਕ ਵਿਚ ਗੁਰਬਾਣੀ ਦੀ ਲਿਖਣ ਸ਼ੈਲੀ ਨੂੰ ਵਿਚਾਰਿਆ ਜਾਂਦਾ ਹੈ ਅਤੇ ਦੂਸਰੀ ਵਿਚ, ਪੱਛਮੀ ਦੇਸ਼ਾਂ ਦੇ ਲੇਖਕਾਂ ਵਲੋਂ ਅੰਗਰੇਜੀ ਵਿਚ ਲਿਖਿਆ, ਸਿੱਖੀ ਸੰਬੰਧੀ ਸਾਹਿਤ ਘੋਖਿਆ ਜਾਂਦਾ ਹੈ। (ਇਸ ਦੂਸਰੀ ਕਲਾਸ ਰਖਣ ਦਾ ਮਕਸਦ ਬਚਿਆਂ ਨੂੰ ਜਾਣੂ ਕਰਵਾਉਣਾ ਕਿ ਪੱਛਮੀ ਸਾਹਿਤਕਾਰ ਸਿੱਖੀ ਨੂੰ ਕਿਸ ਅੰਦਾਜ਼ ਵਿਚ ਪੇਸ਼ ਕਰਦੇ ਹਨ ਅਤੇ ਕਿਹੜੀਆਂ ਗਲਾਂ ਨੂੰ ਅੱਖੋਂ ਪਰੋਖੇ ਕਰ ਜਾਂਦੇ ਹਨ।) ਇਨ੍ਹਾਂ ਕਲਾਸਾਂ ਰਾਂਹੀਂ ਬੱਚੇ ਚੰਗੇ ਵਿਚਾਰਾਂ ਦੀ ਮਾਨਸਿਕ ਖੁਰਾਕ ਪ੍ਰਾਪਤ ਕਰਕੇ ਆਪਣੇ ਚਿੱਤ–ਸੁਰਤ ਨੂੰ ਸਹੀ ਰੱਖ ਸਕਦੇ ਹਨ। ਜਿਸ ਰਾਹੀਂ ਨਸ਼ਿਆਂ ਤੋਂ ਆਪਣੇ ਆਪ ਦੂਰ ਰਹਿ ਸਕਦੇ ਹਨ।